ਪੰਜਾਬ ਸਰਕਾਰ, ਵਿੱਤ ਵਿਭਾਗ
ਇੰਮਪਲਾਈਜ ਅਤੇ ਪੈਨਸੁਨਰਜ ਡਾਟਾ ਬੇਸ ਸੈਲ,
ਫੌਰੈਸਟ ਕੰਪਲੈਕਸ, ਟਾਵਰ ਨੰ: 4, 6ਵੀਂ ਮੰਜਿਲ,
ਸੈਕਟਰ-68, ਸਾਹਿਬਜਾਦਾ ਅਜੀਤ ਸਿੰਘ ਨਗਰ।

ਵੱਲ,

1 ਡਾਇਰੈਕਟਰ ਜਨਰਲ,
ਸਕੂਲ ਸਿੱਖਿਆ, ਸਿੱਖਿਆ ਭਵਨ,
ਫੇਜ਼-8, ਮੋਹਾਲੀ।

2 ਵਧੀਕ ਡਾਇਰੈਕਟਰ (ਖਜਾਨਾ ਅਤੇ ਲੇਖਾ)
ਵਿੱਤ ਵਿਭਾਗ, ਵਿੱਤ ਤੇ ਯੋਜਨਾ ਭਵਨ,
ਸੈਕਟਰ-33, ਚੰਡੀਗੜ੍ਹ।

ਨੰ: ਡਬਸ/2018/
ਮਿਤੀ:

ਵਿਸ਼ਾ: ਐਚ.ਆਰ.ਐਮ.ਐਸ ਅਧੀਨ ਜੀ.ਪੀ.ਫੰਡ ਅਤੇ ਸਲਾਨਾ ਤਰੱਕੀ ਮਡਿਊਲ ਦੀ ਪਾਇਲਟ ਟੈਸਟਿੰਗ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2. ਆਪ ਜੀ ਨੂੰ ਪਤਾ ਹੀ ਹੈ ਕਿ ਐਚ.ਆਰ.ਐਮ.ਐਸ ਅਧੀਨ ਪੰਜਾਬ ਰਾਜ ਦੇ ਸਮੂਹ ਕਰਮਚਾਰੀਆਂ/ਅਧਿਕਾਰੀਆਂ ਦਾ ਸਰਵਿਸ ਡਾਟਾ ਮੁਕੰਮਲ ਕਰਨ ਉਪਰੰਤ ਈ-ਸੈਲਰੀ ਮਡਿਊਲ ਅਪ੍ਰੈਲ-ਮਈ 2018 ਵਿੱਚ ਐਨ.ਆਈ.ਸੀ ਵੱਲੋ ਰੋਲ ਆਊਟ ਕੀਤਾ ਗਿਆ ਸੀ। ਇਸਦੇ ਸਫਲਤਾਪੂਰਵਕ ਲਾਗੂ ਕਰਨ ਉਪਰੰਤ ਇੱਕ ਇੱਕ ਕਰਕੇ ਅਗਲੇ ਮਡਿਊਲ ਰੋਲ ਆਊਟ ਕੀਤੇ ਜਾਣੇ ਹਨ।

3. ਐਨ.ਆਈ.ਸੀ ਪੰਜਾਬ ਸਟੇਟ ਯੂਨਿਟ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਉਹਨਾਂ ਵੱਲੋਂ ਜੀ.ਪੀ.ਫੰਡ ਅਤੇ ਸਲਾਨਾ ਤਰੱਕੀ ਮਡਿਊਲ ਤਿਆਰ ਕਰ ਲਏ ਗਏ ਹਨ ਅਤੇ ਇਹਨਾਂ ਨੂੰ ਸਾਰੇ ਵਿਭਾਗਾਂ ਲਈ ਰੋਲ ਆਊਟ ਕਰਨ ਤੋਂ ਪਹਿਲਾਂ ਦੋ ਵਿਭਾਗਾਂ ਵਿੱਚ ਪਾਇਲਟ ਟੈਸਟਿੰਗ ਕੀਤੀ ਜਾਣੀ ਹੈ। ਸਮਰੱਥ ਅਥਾਰਟੀ ਵੱਲੋਂ ਖਜਾਨਾ ਤੇ ਲੇਖਾ ਅਤੇ ਸਕੂਲ ਸਿੱਖਿਆ ਵਿਭਾਗ ਇਸ ਮੰਤਵ ਲਈ ਚੁਣੇ ਗਏ ਹਨ। ਇਸ ਲਈ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਹਨਾਂ ਦੋਵਾਂ ਮਡਿਊਲਜ਼ ਤੇ ਟ੍ਰੇਨਿੰਗ ਪ੍ਰਾਪਤ ਕਰਨ ਲਈ ਟ੍ਰੇਨਰਜ਼ ਦੇ ਨਾਮ ਐਨ.ਆਈ.ਸੀ ਪੰਜਾਬ ਸਟੇਟ ਯੂਨਿਟ ਨੂੰ ਭੇਜੇ ਜਾਣ ਅਤੇ ਉਹਨਾਂ ਨਾਲ ਰਾਬਤਾ ਕਾਇਮ ਕਰਕੇ ਇਹਨਾਂ ਮਡਿਊਲਜ਼ ਦੀ ਟ੍ਰੇਨਿੰਗ ਪ੍ਰਾਪਤ ਕੀਤੀ ਜਾਵੇ। ਟ੍ਰੇਨਰਜ਼ ਨੂੰ ਇਹ ਵਿਸ਼ੇਸ਼ ਹਦਾਇਤ ਕਰ ਦਿੱਤੀ ਜਾਵੇ ਕਿ ਇਹਨਾਂ ਦੋਵਾਂ ਮਡਿਊਲਜ਼ ਵਿੱਚ ਨਿਯਮਾਂ/ਹਦਾਇਤਾਂ ਅਨੁਸਾਰ ਕਿਸੇ ਸੋਧ ਦੀ ਲੋੜ ਹੋਵੇ ਤਾਂ ਉਸ ਸਬੰਧੀ ਐਨ.ਆਈ.ਸੀ ਨੂੰ ਆਪਣੀ ਫੀਡਬੈਕ ਦਿੱਤੀ ਜਾਵੇ।

ਡਿਪਟੀ ਡਾਇਰੈਕਟਰ (ਪੈਨਸ਼ਨ)
-ਕਮ-
ਪ੍ਰੋਜੈਕਟ ਮੈਨੇਜਰ (ਡਬਸ)

ਪਿ.ਅੰ.ਨੰ: ਡਬਸ/2018/ 1288 ਮਿਤੀ: 25/09/18

ਉਪਰੋਕਤ ਦਾ ਉਤਾਰਾ ਡਿਪਟੀ ਡਾਇਰੈਕਟਰ ਜਨਰਲ ਕਮ ਐਸ.ਆਈ.ਓ, ਐਨ.ਆਈ.ਸੀ, ਪੰਜਾਬ ਸਟੇਟ ਯੂਨਿਟ, ਪੰਜਾਬ ਸਿਵਲ ਸਕੱਤਰੇਤ, ਸੈਕਟਰ-1, ਚੰਡੀਗੜ੍ਹ ਨੂੰ ਉਹਨਾਂ ਦੀ ਈ-ਮੇਲ ਮਿਤੀ 11.09.2018 ਦੇ ਸਬੰਧ ਵਿੱਚ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ। ਟ੍ਰੇਨਿੰਗ ਲਈ ਨਿਸ਼ਚਿਤ ਕੀਤੀ ਜਾਣ ਵਾਲੀ ਮਿਤੀ, ਸਮਾਂ ਅਤੇ ਸਥਾਨ ਬਾਰੇ ਇਸ ਦਫਤਰ ਨੂੰ ਵੀ ਸੂਚਿਤ ਕਰਨ ਦੀ ਖੇਚਲ ਕੀਤੀ ਜਾਵੇ।

ਡਿਪਟੀ ਡਾਇਰੈਕਟਰ (ਪੈਨਸ਼ਨ)
-ਕਮ-
ਪ੍ਰੋਜੈਕਟ ਮੈਨੇਜਰ (ਡਬਸ)